ਵਲੋਂ

ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਵੱਲ

ਰਾਜ ਅਧੀਨ ਸਾਰੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀ।

ਵਿਸ਼ਾ:- ਪ੍ਰੋਸੈਸਿੰਗ ਫੀਸ ਅਤੇ ਦਾਖਲਾ ਫੀਸ, ਸਿੱਧੇ ਰਾਜ ਸਰਕਾਰ ਦੇ ਖਜਾਨੇ ਵਿਚ I.F.M.S. ਤੇ ਸਬਮਿਟ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸੰਬਧੀ ਸੂਚਿਤ ਕੀਤਾ ਜਾਂਦਾ ਹੈ ਕਿ

1 ਪ੍ਰੋਸੈਸਿੰਗ ਫੀਸ: ਉਮੀਦਵਾਰਾਂ ਵਲੋਂ ਆਨ ਦਾਖਲੇ ਲਈ ਰਜਿਸ਼ਟਰੇਸ਼ਨ ਕਰਨ ਅਤੇ ਸਰਟੀਫਿਕੇਟ ਅਪਲੋਡ ਕੀਤੇ ਜਾਣ ਉਪਰੰਤ ਡਾਕੂਮੈਂਟ ਵੈਰੀਫਾਈ ਕਰਵਾਉਣ ਲਈ ਆਪਣੀ ਸੁਵਿਧਾ ਅਨੁਸਾਰ, ਡੈਜੀਗਨੇਟਿਡ ਇੰਸਟੀਚਿਉਟ ਨੂੰ ਸਿਲੈਕਟ ਕੀਤਾ ਜਾਵੇ ਅਤੇ ਦਸਤਾਵੇਜ SEND ਕੀਤੇ ਜਾਣ। ਕੈਂਡੀਡੇਟਸ ਵਲੋਂ ਦਾਖਲਾ ਸ਼ਡਿਉਲ ਵਿਚ ਦਰਸਾਈਆਂ ਮਿਤੀਆਂ ਅਨੁਸਾਰ ਪ੍ਰੋਸੈਸਿੰਗ ਫੀਸ 100/- ਰੁਪਏ, ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਉਪਰ ਆਨ ਲਾਈਨ ਪ੍ਰੋਸੈਸ ਰਾਂਹੀਂ ਜਿਵੇਂ ਕਿ ਡੈਬਿਟ ਕਾਰਡ, ਕਰੈਡਿਟ ਕਾਰਡ, ਇੰਟਰਨੈਟ ਬੈਕਿੰਗ ਜਾਂ ਯੂ.ਪੀ.ਆਈ. ਰਾਂਹੀਂ ਸਬਮਿਟ ਕਰਵਾਈ ਜਾ ਸਕਦੀ ਹੈ। ਇਸ ਲਿੰਕ ਰਾਂਹੀਂ ਸਬਮਿਟ ਕਰਵਾਈ ਫੀਸ, ਸਿੱਧੇ ਤੌਰ ਤੇ ਰਾਜ ਸਰਕਾਰ ਦੇ ਖਾਤੇ ਵਿਚ I.F.M.S. ਰਾਹੀ ਜਮਾਂ ਹੋ ਜਾਵੇਗੀ।

ਇਹ ਪ੍ਰੋਸੈਸਿੰਗ ਫੀਸ ਕੰਫਰਮ ਹੋ ਜਾਣ ਉਪਰੰਤ, Designated Institutes ਵਲੋਂ ਡਾਕੂਮੈਂਟ ਵੈਰੀਫਿਕੇਸ਼ਨ ਕੀਤੇ ਜਾ ਸਕਣਗੇ।

ਜਾਂ

ਡਾਕੂਮੈਂਟ ਵੈਰੀਫਿਕੇਸ਼ਨ ਲਈ ਪ੍ਰੋਸੈਸਿੰਗ ਫੀਸ, ਬੈਂਕ ਚਲਾਨ ਰਾਂਹੀਂ ਆਫਲਾਈਨ ਵੀ ਬੈਂਕ ਵਿਚ ਸਬਮਿਟ ਕਰਵਾਈ ਜਾ ਸਕਦੀ ਹੈ। ਚਲਾਨ ਰਾਂਹੀਂ ਸਬਮਿਟ ਕਰਵਾਈ ਜਾਣ ਵਾਲੀ ਫੀਸ ਦੀ ਐਂਟਰੀ, ਅਪਡੇਟ ਹੋਣ ਲਈ ਘੱਟੋ-ਘੱਟ 12 ਘੰਟੇ ਤੱਕ ਦਾ ਸਮਾਂ ਲਗ ਸਕਦਾ ਹੈ। ਕੈਂਡੀਡੇਟ ਵਲੋਂ ਆਫਲਾਈਨ ਚਲਾਨ ਰਾਂਹੀਂ ਫੀਸ ਸਬਮਿਟ ਕਰਵਾਏ ਜਾਣ ਉਪਰੰਤ, ਆਪਣੇ ਦਾਖਲਾ ਪੋਰਟਲ ਦੀ ਲਾਗ ਇਨ ਆਈ.ਡੀ. ਵਿਚ ਫੀਸ ਅਪਡੇਟ ਦਾ ਸਟੇਟਸ ਚੈਕ ਕਰ ਲਿਆ ਜਾਵੇ ਕਿ ਫੀਸ ਕੰਫਰਮ ਹੋ ਗਈ ਹੈ ਜਾਂ ਨਹੀਂ। ਚਲਾਨ ਰਾਂਹੀਂ ਸਬਮਿਟ ਕਰਵਾਈ ਰਾਸ਼ੀ ਜੇਕਰ ਨਿਸ਼ਚਿਤ ਕੀਤੇ ਹੋਏ ਦਾਖਲਾ ਸ਼ਡਿਉਲ ਦੇ ਸਮੇਂ ਅੰਦਰ, ਬੈਕਿੰਗ ਸਿਸਟਮ ਦੇ ਵਿਚ ਦੇਰੀ ਹੋਣ ਦੇ ਕਾਰਨਾਂ ਕਰਕੇ,

ਫੀਸ ਕੰਫਰਮ ਨਹੀਂ ਹੁੰਦੀ ਤਾਂ ਉਸ ਕੈਂਡੀਡੇਟ ਦੇ ਡਾਕੂਮੈਂਟ ਵੈਰੀਫਾਈ ਨਹੀਂ ਹੋ ਸਕਣਗੇ। ਇਸ ਦੇ ਲਈ ਵਿਭਾਗ ਜਿੰਮੇਵਾਰ ਨਹੀਂ ਹੋਵੇਗਾ।

ਇਸ ਸਬੰਧ ਵਿਚ ਇਹ ਫੀਸ ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਤੇ ਆਨ ਲਾਈਨ ਪ੍ਰੋਸੈਸ ਰਾਂਹੀਂ ਸਬਮਿਟ ਕਰਵਾਏ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

2 ਦਾਖਲਾ ਫੀਸ: ਸਿਲੈਕਟਿਡ ਕੈਂਡੀਡੇਟ ਵਲੋਂ ਆਪਣੀ ਸੀਟ ਅਲਾਟਮੈਂਟ ਅਨੁਸਾਰ, ਸੀਟ ਕੰਫਰਮੇਸ਼ਨ ਦਾ ਪ੍ਰਿੰਟ ਲੈ ਲਿਆ ਜਾਵੇ। ਜਿੰਨਾਂ ਸਿਖਿਆਰਥੀਆਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਸੀਟ ਅਲਾਟ ਹੁੰਦੀ ਹੈ ਤਾਂ ਸਿਖਿਆਰਥੀ ਵਲੋਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਦਾਖਲਾ ਫੀਸ ਭਰਨ ਲਈ, ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਅਨੁਸਾਰ, ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਉਪਰ ਆਨ ਲਾਈਨ ਪ੍ਰੋਸੈਸ ਰਾਂਹੀਂ ਜਿਵੇਂ ਕਿ ਡੈਬਿਟ ਕਾਰਡ, ਕਰੈਡਿਟ ਕਾਰਡ, ਇੰਟਰਨੈਟ ਬੈਕਿੰਗ ਜਾਂ ਯੂ.ਪੀ.ਆਈ. ਰਾਂਹੀਂ ਸਬਮਿਟ ਕਰਵਾਈ ਜਾ ਸਕਦੀ ਹੈ। ਇਸ ਲਿੰਕ ਰਾਂਹੀਂ ਸਬਮਿਟ ਕਰਵਾਈ ਫੀਸ, ਸਿੱਧੇ ਤੌਰ ਤੇ ਰਾਜ ਸਰਕਾਰ ਦੇ ਖਾਤੇ ਵਿਚ I.F.M.S. ਰਾਹੀ ਜਮਾਂ ਹੋ ਜਾਵੇਗੀ।

ਜਾਂ

ਦਾਖਲਾ ਫੀਸ, ਬੈਂਕ ਚਲਾਨ ਰਾਂਹੀਂ ਆਫਲਾਈਨ ਵੀ ਬੈਂਕ ਵਿਚ ਸਬਮਿਟ ਕਰਵਾਈ ਜਾ ਸਕਦੀ ਹੈ। ਚਲਾਨ ਰਾਂਹੀਂ ਸਬਮਿਟ ਕਰਵਾਈ ਜਾਣ ਵਾਲੀ ਫੀਸ ਦੀ ਐਂਟਰੀ, ਅਪਡੇਟ ਹੋਣ ਲਈ ਘੱਟੋ-ਘੱਟ 12 ਘੰਟੇ ਤੱਕ ਦਾ ਸਮਾਂ ਲਗ ਸਕਦਾ ਹੈ। ਕੈਂਡੀਡੇਟ ਵਲੋਂ ਆਫਲਾਈਨ ਚਲਾਨ ਰਾਂਹੀਂ ਫੀਸ ਸਬਮਿਟ ਕਰਵਾਏ ਜਾਣ ਉਪਰੰਤ, ਆਪਣੇ ਦਾਖਲਾ ਪੋਰਟਲ ਦੀ ਲਾਗ ਇਨ ਆਈ.ਡੀ. ਵਿਚ ਫੀਸ ਅਪਡੇਟ ਦਾ ਸਟੇਟਸ ਚੈਕ ਕਰ ਲਿਆ ਜਾਵੇ ਕਿ ਫੀਸ ਕੰਫਰਮ ਹੋ ਗਈ ਹੈ ਜਾਂ ਨਹੀਂ। ਚਲਾਨ ਰਾਂਹੀਂ ਸਬਮਿਟ ਕਰਵਾਈ ਰਾਸ਼ੀ ਜੇਕਰ ਨਿਸ਼ਚਿਤ ਕੀਤੇ ਹੋਏ ਦਾਖਲਾ ਸ਼ਡਿਊਲ ਦੇ ਸਮੇਂ ਅੰਦਰ, ਬੈਕਿੰਗ ਸਿਸਟਮ ਦੇ ਵਿਚ ਦੇਰੀ ਹੋਣ ਦੇ ਕਾਰਨਾਂ ਕਰਕੇ, ਫੀਸ ਕੰਫਰਮ ਨਹੀਂ ਹੁੰਦੀ ਤਾਂ ਉਸ ਦੀ ਸੀਟ ਕੰਫਰਮ ਨਹੀਂ ਹੋਵੇਗੀ। ਇਸ ਦੇ ਲਈ ਵਿਭਾਗ ਜਿੰਮੇਵਾਰ ਨਹੀਂ ਹੋਵੇਗਾ।

ਇਸ ਸਬੰਧ ਵਿਚ ਇਹ ਫੀਸ ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਤੇ ਆਨ ਲਾਈਨ ਪ੍ਰੋਸੈਸ ਰਾਂਹੀਂ ਸਬਮਿਟ ਕਰਵਾਏ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ, ਟਿਊਸ਼ਨ ਫੀਸ ਤੋਂ ਇਲਾਵਾ, ਪ੍ਰਾਸਪੈਕਟਸ ਵਿਚ ਦਰਸਾਏ ਅਨੁਸਾਰ ਬਾਕੀ ਫੰਡਜ਼, ਆਪਣੇ ਸੰਸਥਾ ਪੱਧਰ ਤੇ ਇੱਕਤਰ ਕੀਤੇ ਜਾਣ।

Ramesh Kumar
Assistant Director
29/05/2023